**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 25-06-2024**

- BJP ਦੇ ਸੀਨੀਅਰ ਸੰਸਦ ਮੈਂਬਰ ਓਮ ਬਿਰਲਾ, ਸਪੀਕਰ ਦੇ ਅਹੁਦੇ ਲਈ NDA ਦੇ, ਜਦਕਿ ਕਾਂਗਰਸ ਦੇ ਸੰਸਦ ਮੈਂਬਰ ਕੇ. ਸੁਰੇਸ਼ ਇੰਡੀ ਗਠਜੋੜ ਦੇ ਉਮੀਦਵਾਰ ਹੋਣਗੇ।
- ਪੰਜਾਬ ਦੇ 12 ਸੰਸਦ ਮੈਂਬਰਾਂ ਨੇ ਲੋਕਸਭਾ ਮੈਂਬਰ ਵਜੋਂ ਸੌਂਹ ਚੁੱਕ ਲਈ ਏ, ਸਾਰੇ ਹੀ ਮੈਂਬਰਾਂ ਨੇ ਪੰਜਾਬੀ ਵਿਚ ਸੌਂਹ ਚੁਕੀ, ਆਜ਼ਾਦ ਮੈਂਬਰ ਅੰਮ੍ਰਿਤ ਪਾਲ ਸਿੰਘ ਸੌਂਹ ਨਹੀਂ ਚੁੱਕ ਸਕੇ।
- ਬਠਿੰਡਾ ਅਤੇ ਤਰਨਤਾਰਨ ਜ਼ਿਲਿਆਂ ਦੇ ਕੁਝ ਪਿੰਡਾਂ ਵਿਚ ਨਹਿਰਾਂ ਵਿਚ ਪਾੜ ਪੈਣ ਕਾਰਣ, ਫਸਲਾਂ ਨੂੰ ਨੁਕਸਾਨ।
- ਹੁਸ਼ਿਆਰਪੁਰ ਤੋਂ ਚਾਰ ਵਾਰ ਲੋਕ ਸਭਾ ਸਾਂਸਦ ਰਹੇ, ਸਕੁਆਡ੍ਰਨ ਲੀਡਰ ਕਮਲ ਚੌਧਰੀ ਦਾ ਦਿੱਲੀ ਵਿੱਚ ਦੇਹਾਂਤ।

-----------------------------------------------------------------

BJP ਦੇ ਸੀਨੀਅਰ ਸੰਸਦ ਮੈਂਬਰ ਓਮ ਬਿਰਲਾ, ਜਿਹੜੇ ਪਿਛਲੀ ਲੋਕ ਸਭਾ ਵਿੱਚ ਸਪੀਕਰ ਵੀ ਸਨ, ਇਸ ਵਾਰ ਵੀ, ਇਸ ਅਹੁਦੇ ਲਈ NDA ਦੇ ਉਮੀਦਵਾਰ ਹੋਣਗੇ, ਜਦੋਂ ਕਿ ਵਿਰੋਧੀ ਧਿਰ ਇੰਡੀ ਗਠਜੋੜ ਨੇ ਕਾਂਗਰਸ ਦੇ ਸੰਸਦ ਮੈਂਬਰ ਕੇ. ਸੁਰੇਸ਼ ਨੂੰ ਇਸ ਅਹੁਦੇ ਲਈ ਮੈਦਾਨ ਵਿੱਚ ਉਤਾਰਿਆ ਏ। ਦੋਵਾਂ ਉਮੀਦਵਾਰਾਂ ਨੇ ਅੱਜ ਸਪੀਕਰ ਦੇ ਅਹੁਦੇ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ, ਜਿਸ ਲਈ ਭਲਕੇ ਚੋਣ ਹੋਣੀ ਏ। ਇਸ ਤੋਂ ਪਹਿਲਾਂ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਇਸ ਅਹੁਦੇ ਨੂੰ ਲੈ ਕੇ, ਸਹਿਮਤੀ ਨਹੀਂ ਬਣ ਸਕੀ। ਸੰਸਦ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਸੀਨੀਅਰ ਕੇਂਦਰੀ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ ਅਤੇ ਜੇ ਪੀ ਨੱਡਾ ਨੇ ਇਸ ਮੁੱਦੇ 'ਤੇ ਕਾਂਗਰਸ ਨੇਤਾ ਕੇ ਸੀ ਵੇਣੂ-ਗੋਪਾਲ ਅਤੇ DMK ਸੰਸਦ ਟੀ. ਆਰ. ਬਾਲੂ ਨਾਲ ਮੀਟਿੰਗ ਕੀਤੀ। ਹਾਲਾਂਕਿ, ਉਹ ਸ੍ਰੀ ਬਿਰਲਾ ਦੀ ਉਮੀਦਵਾਰੀ ਦਾ ਸਮਰਥਨ ਕਰਨ ਤੋਂ ਪਹਿਲਾਂ, ਡਿਪਟੀ ਸਪੀਕਰ ਦੇ ਨਾਮ ਦਾ ਐਲਾਨ ਕਰਨ ਲਈ ਜ਼ੋਰ ਦੇ

ਰਹੇ ਸਨ। ਲੋਕ ਸਭਾ ਸਪੀਕਰ ਆਜ਼ਾਦੀ ਤੋਂ ਬਾਅਦ, ਬਿਨਾਂ ਕਿਸੇ ਮੁਕਾਬਲੇ ਦੇ ਚੁਣੇ ਜਾਂਦੇ ਰਹੇ ਨੇ ਅਤੇ ਇਹ ਸ਼ਾਇਦ ਪਹਿਲੀ ਵਾਰ ਹੋਵੇਗਾ, ਕਿ ਇਸ ਅਹੁਦੇ ਲਈ ਕੋਈ ਮੁਕਾਬਲਾ ਹੋਵੇਗਾ।

---

18ਵੀਂ ਲੋਕ ਸਭਾ ਦੇ ਅੱਜ ਦੂਜੇ ਦਿਨ ਵੀ, ਸੰਸਦ ਮੈਂਬਰਾਂ ਨੇ ਸਦਨ ਦੇ ਮੈਂਬਰਾਂ ਵਜੋਂ ਸਹੁੰ ਚੁੱਕੀ। ਪੰਜਾਬ ਦੇ 13 ਵਿਚੋਂ 12 ਸੰਸਦ ਮੈਂਬਰਾਂ ਨੇ ਵੀ ਅੱਜ ਲੋਕਸਭਾ ਮੇਂਬਰ ਵਜੋਂ ਸੌਂਹ ਚੁੱਕ ਲਈ। ਸਾਰੇ ਹੀ ਮੈਂਬਰਾਂ ਨੇ ਪੰਜਾਬੀ ਵਿਚ ਸੌਂਹ ਚੁਕੀ। ਸੌਂਹ ਚੁੱਕਣ ਵਾਲਿਆਂ ਵਿਚ ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਸੁਖਜਿੰਦਰ ਸਿੰਘ ਰੰਧਾਵਾ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ, ਜਲੰਧਰ ਤੋਂ ਚਰਨਜੀਤ ਸਿੰਘ ਚੰਨੀ, ਲੁਧਿਆਣਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਪਟਿਆਲਾ ਤੋਂ ਧਰਮਵੀਰ ਗਾਂਧੀ, ਫਤਹਿਗੜ੍ਹ ਸਾਹਿਬ ਤੋਂ ਡਾਕਟਰ ਅਮਰ ਸਿੰਘ ਤੇ ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ, ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਰਸਿਮਰਤ ਕੌਰ ਬਾਦਲ, ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਡਾਕਟਰ ਰਾਜਕੁਮਾਰ ਚੱਬੇਵਾਲ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ

ਹੇਯਰ ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਅਤੇ ਫਰੀਦਕੋਟ ਤੋਂ ਆਜ਼ਾਦ ਸਰਬਜੀਤ ਸਿੰਘ ਖਾਲਸਾ ਸ਼ਾਮਿਲ ਨੇ। ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਚੁਣੇ ਗਏ ਅਮ੍ਰਿਤਪਾਲ ਸਿੰਘ ਅੱਜ ਸੌਂਹ ਨਹੀਂ ਚੁੱਕ ਸਕੇ। ਕੌਮੀ ਸੁਰੱਖਿਆ ਕ਼ਾਨੂਨ ਤਹਿਤ ਉਹ ਆਸਾਮ ਦੀ ਜੇਲ ਵਿਚ ਬੰਦ ਨੇ।

------------------------------------------------------------

ਕੌਮੀ ਪ੍ਰੀਖਿਆ ਏਜੰਸੀ NTA ਰਾਹੀਂ ਪ੍ਰੀਖਿਆਵਾਂ ਦੇ ਪਾਰਦਰਸ਼ੀ, ਨਿਰਵਿਘਨ ਅਤੇ ਨਿਰਪੱਖ ਆਯੋਜਨ ਨੂੰ ਯਕੀਨੀ ਬਣਾਉਣ ਲਈ, ਸਿੱਖਿਆ ਮੰਤਰਾਲੇ ਵੱਲੋਂ ਗਠਿਤ ਮਾਹਿਰਾਂ ਦੀ ਉੱਚ-ਪੱਧਰੀ ਕਮੇਟੀ ਦੀ ਕੱਲ੍ਹ ਪਹਿਲੀ ਮੀਟਿੰਗ ਹੋਈ। ਨਵੀਂ ਦਿੱਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ, ਕਮੇਟੀ ਦੇ ਚੇਅਰਮੈਨ ਡਾ. ਕੇ. ਰਾਧਾ ਕ੍ਰਿਸ਼ਨਨ ਨੇ ਕਿਹਾ ਕਿ ਕਮੇਟੀ ਦੀ ਪਹਿਲੀ ਤਰਜੀਹ, ਵਿਦਿਆਰਥੀਆਂ ਅਤੇ ਮਾਪਿਆਂ ਦੀਆਂ ਚਿੰਤਾਵਾਂ ਦੂਰ ਕਰਕੇ ਸੁਝਾਅ ਪ੍ਰਾਪਤ ਕਰਨਾ ਏ, ਜਿਸ ਲਈ ਕਮੇਟੀ ਉਨ੍ਹਾਂ ਨਾਲ ਗੱਲਬਾਤ ਕਰੇਗੀ। ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਕਿ ਕਮੇਟੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਅਤੇ

ਤਣਾਅ ਨੂੰ ਘੱਟ ਕਰਨ ਦੇ ਉਦੇਸ਼ ਨਾਲ, ਇੱਕ ਮਜ਼ਬੂਤ ਅਤੇ ਛੇੜਛਾੜ-ਰੋਧਕ ਪ੍ਰਣਾਲੀ ਵਿਕਸਿਤ ਕਰਨ 'ਤੇ ਵੀ ਵਿਚਾਰ ਕਰ ਰਹੀ ਏ।

---------------------------------------------------------------

ਇਸ ਦੌਰਾਨ ਪੇਪਰ ਲੀਕ ਮਾਮਲੇ ਵਿਚ, ਕੇਂਦਰ ਸਰਕਾਰ ਵਲੋਂ ਕੀਤੀ ਗਈ ਤੁਰੰਤ ਕਾਰਵਾਈ 'ਤੇ ਆਮ ਲੋਕ ਸੰਤੁਸ਼ਟ ਨੇ। ਮੋਗਾ ਦੇ ਨਿਵਾਸੀ ਹਰਸ਼ ਕੁਮਾਰ ਗੋਇਲ ਦਾ ਕਹਿਣਾ ਏ, ਕਿ ਸਰਕਾਰ ਦੀ ਕਾਰਵਾਈ ਸ਼ਲਾਘਾਯੋਗ ਏ।

---------------------------------------------------------------

ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟੇਡ PSPCL ਨੇ ਟਿਕਾਊ ਊਰਜਾ ਸਰੋਤਾਂ ਨੂੰ ਉਤਸ਼ਾਹਿਤ ਕਰਦੇ ਹੋਏ, ਸੂਬੇ ਦੀ ਵਧਦੀ ਬਿਜਲੀ ਮੰਗ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਏ। ਕਾਰਪੋਰੇਸ਼ਨ ਨੇ ਜੂਨ- 2022 ਵਿੱਚ 2 ਰੁਪਏ 65 ਪੈਸੇ ਕਿਲੋਵਾਟ ਘੰਟਾ ਦੀ ਪ੍ਰਤੀਯੋਗੀ ਦਰ 'ਤੇ, 250 ਮੈਗਾਵਾਟ ਸੋਲਰ ਪਾਵਰ ਦੀ ਖਰੀਦ ਲਈ, ਸੋਲਰ ਪਾਵਰ ਡਿਵੈਲਪਰਾਂ ਨਾਲ ਸਮਝੌਤੇ ਅੰਤਿਮ ਕੀਤੇ ਸਨ। ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ

ਮੈਸਰਜ਼ SAEL ਲਿਮਿਟੇਡ ਨੇ ਮਲੋਟ ਜ਼ਿਲੇ ਦੇ ਪਿੰਡ ਕਰਮਗੜ੍ਹ ਵਿਖੇ ਲਗਾਏ ਗਏ, 50 ਮੈਗਾਵਾਟ ਸਮਰੱਥਾ ਦੇ ਸੋਲਰ ਪਾਵਰ ਪ੍ਰੋਜੈਕਟ ਨੂੰ ਸਿੰਕਰੋ-ਨਾਈਜ਼ ਕਰ ਦਿੱਤਾ ਏ ਅਤੇ ਸੋਲਰ ਪਾਵਰ 220 ਕੇ ਵੀ ਗ੍ਰਿਡ ਸਬ-ਸਟੇਸ਼ਨ ਕਟੋਰੇਵਾਲਾ ਵਿੱਚ ਸਪਲਾਈ ਸ਼ੁਰੂ ਹੋ ਗਈ ਏ । ਉਨ੍ਹਾਂ ਕਿਹਾ ਕਿ ਇਸ ਨਾਲ, ਪੰਜਾਬ ਲਈ ਸੋਲਰ ਪਾਵਰ ਪ੍ਰੋਜੈਕਟਾਂ ਦੀ ਸੰਚਿਤ ਸਥਾਪਿਤ ਸਮਰੱਥਾ ਹੁਣ 2 ਹਜ਼ਾਰ 81 ਮੈਗਾਵਾਟ ਤੱਕ ਪਹੁੰਚ ਗਈ ਏ । ਉਨ੍ਹਾਂ ਇਹ ਵੀ ਕਿਹਾ ਕਿ 2 ਹਜ਼ਾਰ 850 ਮੈਗਾਵਾਟ ਦੇ ਸੋਲਰ ਪਾਵਰ ਪ੍ਰੋਜੈਕਟ ਕਮਿਸ਼ਨਿੰਗ ਅਧੀਨ ਨੇ ।

---------------------------------------------------------

ਕੇਂਦਰ ਸਰਕਾਰ ਵਲੋਂ ਤਿਆਰ, ਤਿੰਨ ਨਵੇਂ ਕਾਨੂੰਨ ਪਹਿਲੀ ਜੁਲਾਈ ਤੋਂ ਲਾਗੂ ਹੋਣ ਜਾ ਰਹੇ ਨੇ। ਇਨਾਂ ਬਾਰੇ ਕਾਨੂੰਨ ਮਾਹਰ ਕਾਫੀ ਆਸਵੰਦ ਨੇ ਅਤੇ ਇਨਾਂ ਨੂੰ ਸਮੇਂ ਮੁਤਾਬਕ ਬਣਾਇਆ ਮੰਨਦੇ ਨੇ ।

---------------------------------------------------------

ਬਠਿੰਡਾ ਜ਼ਿਲੇ ਦੀ ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਨਥੇਹਾ ਨੇੜੇ, ਭਾਖੜਾ ਨਹਿਰ ਦੇ ਕੰਢੇ ’ਚ ਪਾੜ ਪੈਣ ਕਾਰਨ, ਦਰਿਆ ਦੇ ਆਲੇ-

ਦੁਆਲੇ ਦੇ ਖੇਤਾਂ ’ਚ ਪਾਣੀ ਦਾਖਲ ਹੋ ਗਿਆ, ਜਿਸ ਕਾਰਨ ਕਿਸਾਨਾਂ ਦੀ ਕਰੀਬ 100 ਏਕੜ ਫਸਲ ਪਾਣੀ ’ਚ ਡੁੱਬ ਗਈ ਏ । ਕਿਸਾਨਾਂ ਦਾ ਕਹਿਣਾ ਏ ਕਿ ਭਾਖੜਾ ਨਹਿਰ ਦੇ ਹੇਠਾਂ ਤੋਂ ਲੀਕੇਜ ਹੋਣ ਕਾਰਨ ਇਹ ਪਾੜ ਪਿਆ ਏ, ਜਿਸ ਕਾਰਨ ਪਿੰਡ ਨਥੇਹਾ ਅਤੇ ਜੌੜਕੀਆਂ ਦੇ ਕਿਸਾਨਾਂ ਦੀ ਕਰੀਬ 100 ਏਕੜ ਫਸਲ ਪਾਣੀ ਵਿੱਚ ਡੁੱਬਣ ਕਾਰਨ ਬਰਬਾਦ ਹੋ ਗਈ ਏ । ਇਹ ਦੋਵੇਂ ਪਿੰਡ ਪੰਜਾਬ-ਹਰਿਆਣਾ ਸਰਹੱਦ 'ਤੇ ਪੈਂਦੇ ਨੇ । ਪਾੜ ਪੰਜਾਬ ਦੀ ਸਰਹੱਦ ਅੰਦਰ ਪਿਆ ਏ । ਕਿਸਾਨਾਂ ਨੇ ਸਰਕਾਰ ਤੋਂ ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਦੀ ਮੰਗ ਕੀਤੀ ਏ । ਏਧਰ ਤਰਨਤਾਰਨ ਜ਼ਿਲੇ ਦੇ ਪੱਟੀ ਇਲਾਕੇ ਦੇ ਪਿੰਡ ਲੋਹੁਕਾ ਦੇ ਨਜ਼ਦੀਕ, ਅਪਰ-ਦੁਆਬ ਨਹਿਰ ਵਿਚ ਅੱਜ ਤੜਕਸਾਰ ਪਏ ਵੱਡੇ ਪਾੜ ਕਾਰਨ, ਕਿਸਾਨਾਂ ਦੀ ਸੈਂਕੜੇ ਏਕੜ ਝੋਨੇ ਦੀ ਫ਼ਸਲ ਖਰਾਬ ਹੋ ਗਈ । ਕਿਸਾਨਾਂ ਨੇ ਰੋਸ ਵਜੋਂ ਪੱਟੀ ਤਰਨਤਾਰਨ ਸੜਕ ਤੇ ਧਰਨਾ ਲਗਾ ਕੇ ਸੜਕੀ ਆਵਾਜਾਈ ਬੰਦ ਕਰ ਦਿੱਤੀ ਅਤੇ ਸੂਬਾ ਸਰਕਾਰ ਤੇ ਨਹਿਰੀ ਵਿਭਾਗ ਵਿਰੁੱਧ ਨਾਅਰੇਬਾਜ਼ੀ ਕੀਤੀ । ਦੱਸਿਆ ਜਾਂਦਾ ਏ, ਕਿ ਇਹ ਨਹਿਰ 1962 ਵਿਚ ਪੱਕੀ ਹੋਈ ਸੀ ਤੇ ਇਹ ਨਹਿਰ ਬੀਤੇ ਸਾਲ

ਵੀ 19 ਜੂਨ  ਨੂੰ, ਫਿਰ ਬੀਤੇ ਪਹਿਲੀ ਜੂਨ ਅਤੇ ਬੀਤੀ ਰਾਤ ਫਿਰ ਟੁੱਟ ਗਈ । ਜਿਸ ਕਾਰਨ ਕਿਸਾਨਾਂ ਦੀ ਲਗਾਤਾਰ ਫਸਲ ਖਰਾਬ ਹੋ ਰਹੀ ਏ, ਪਰ ਸਰਕਾਰ ਅਤੇ ਨਹਿਰੀ ਵਿਭਾਗ ਇਸਨੂੰ ਅਣਗੋਲਿਆਂ ਕਰ ਰਹੇ ਨੇ ।

---------------------------------------------------------------

ਮਾਲੇਰਕੋਟਲਾ ਜ਼ਿਲ੍ਹੇ ਦੇ ਨੌਜਵਾਨਾਂ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਨ ਲਈ, ਕਰੀਬ 11 ਕਰੋੜ 40 ਲੱਖ ਰੁਪਏ ਦੀ ਲਾਗਤ ਨਾਲ, ਇੱਕ ਜ਼ਿਲ੍ਹਾ ਪੱਧਰੀ ‘ਤੇ ਅਤੇ 12 ਪਿੰਡਾਂ ‘ਚ ਲਾਇਬਰੇਰੀਆਂ ਦੀ ਉਸਾਰੀ ਕੀਤੀ ਜਾ ਰਹੀ ਏ । ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕਰੀਬ 7 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ, ਜ਼ਿਲ੍ਹਾ ਪੱਧਰ ਤੇ ਅਤੇ  ਕਰੀਬ 4 ਕਰੋੜ 20 ਲੱਖ  ਰੁਪਏ  ਦੀ  ਲਾਗਤ  ਨਾਲ 12 ਪਿੰਡਾਂ ਵਿੱਚ ਅਤਿ ਆਧੁਨਿਕ ਸਹੂਲਤਾਵਾਂ ਨਾਲ ਲੈਸ ਲਾਇਬ੍ਰੇਰੀਆਂ ਦੀ ਉਸਾਰੀ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਉਸਾਰੀਆਂ ਜਾ ਰਹੀਆਂ ਲਾਇਬ੍ਰੇਰੀਆਂ, ਨੌਜਵਾਨਾਂ ਦੀ ਤਕਦੀਰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ, ਜਿੱਥੋਂ ਪੜ੍ਹ ਕੇ ਨੌਜਵਾਨ ਵੱਡੇ ਅਫ਼ਸਰ, ਸਿਵਲ ਤੇ ਫੌਜ

ਦੇਅਧਿਕਾਰੀ, ਵਿਗਿਆਨੀ, ਡਾਕਟਰ, ਇੰਜੀਨੀਅਰ, ਸਾਹਿਤਕਾਰ, ਤਕ ਨੀਕੀ ਮਾਹਰ ਅਤੇ ਹੋਰ ਉੱਚੇ ਅਹੁਦਿਆਂ ‘ਤੇ ਬਿਰਾਜਮਾਨ ਹੋਣਗੇ।

-----------------------------------------------------------

ਹੁਸ਼ਿਆਰਪੁਰ ਤੋਂ ਚਾਰ ਵਾਰ ਲੋਕ ਸਭਾ ਸਾਂਸਦ ਰਹੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਸਕੁਆਡ੍ਰਨ ਲੀਡਰ ਕਮਲ ਚੌਧਰੀ ਦਾ ਅੱਜ ਸਵੇਰੇ ਦਿੱਲੀ ਵਿੱਚ ਦੇਹਾਂਤ ਹੋ ਗਿਆ। ਉਹ 76 ਵਰ੍ਹਿਆਂ ਦੇ ਸਨ। ਕਮਲ ਚੌਧਰੀ ਸਾਲ 1985 ਵਿੱਚ ਉਨਾਂ ਦੇ ਪਿਤਾ ਸੁਤੰਤਰਤਾ ਸੈਨਾਨੀ ਅਤੇ ਪ੍ਰਮੁੱਖ ਸਮਾਜਵਾਦੀ ਨੇਤਾ ਚੌਧਰੀ ਬਲਵੀਰ ਸਿੰਘ ਦੀ ਅੱਤਵਾਦੀਆਂ ਵੱਲੋਂ ਕੀਤੀ ਗਈ ਹੱਤਿਆ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਦੀ ਟਿਕਟ ਤੋਂ ਸਾਂਸਦ ਬਣੇ ਸਨ। ਉਹ ਹੁਸ਼ਿਆਰਪੁਰ ਤੋਂ ਤਿੰਨ ਵਾਰ 1985, 1989 ਅਤੇ 1992 ਵਿੱਚ ਕਾਂਗਰਸ ਦੀ ਟਿਕਟ ਤੇ ਲੋਕ ਸਭਾ ਸਾਂਸਦ ਰਹੇ ਅਤੇ ਇੱਕ ਵਾਰ 1998 ਵਿੱਚ ਭਾਰਤੀ ਜਨਤਾ ਪਾਰਟੀ ਦੀ ਟਿਕਟ ਤੇ ਲੋਕ ਸਭਾ ਲਈ ਸਾਂਸਦ ਚੁਣੇ ਗਏ ਸਨ। ਸਾਂਸਦ ਰਹਿੰਦਿਆਂ ਉਹ ਰੱਖਿਆ ਮਾਮਲਿਆਂ ਦੀ ਸਥਾਈ ਸੰਸਦੀ ਸਮਿਤੀ ਦੇ ਚੇਅਰਮੈਨ ਵੀ ਰਹੇ।

---------------------------------------------------

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਨੇ ਕਹਿਰ ਦੀ ਗਰਮੀ ਨੂੰ ਮੁੱਖ ਰੱਖਦੇ ਹੋਏ ਪੰਛੀਆਂ ਅਤੇ ਜਾਨਵਰਾਂ ਲਈ ਪਾਣੀ ਪੀਣ ਦੇ ਕਸੋਰੇ ਵੰਡਣ ਦੀ ਮੁਹਿੰਮ ਚਲਾਈ ਏ। ਕਲੱਬ ਦੇ ਪ੍ਰਧਾਨ ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਕਲੱਬ ਵਲੋਂ ਪਾਣੀ ਦੀ ਟੈਂਕੀ ਤ੍ਰਿਪੜੀ ਵਿਖੇ ਮਿੱਟੀ ਦੇ ਕਸੋਰੇ ਲੋਕਾਂ ਨੂੰ ਮੁਫਤ ਵੰਡੇ ਗਏ ਤਾਂ ਜ਼ੋ ਉਹ ਆਪਣੇ ਘਰਾਂ ਦੀਆਂ ਛੱਤਾਂ ਤੇ, ਘਰਾਂ ਦੇ ਗੇਟਾਂ ਤੋਂ ਬਾਹਰ ਪਾਣੀ ਭਰ ਕੇ ਰੱਖਣ ਤਾਂ ਜ਼ੋ ਪੰਛੀ ਜਾਨਵਰ ਪਾਣੀ ਪੀ ਸਕਣ ਕਿਉਂਕਿ ਇਨਸਾਨ ਤਾ ਪਾਣੀ ਮੰਗ ਕੇ ਪੀ ਸਕਦਾ ਏ ਪਰ ਪੰਛੀ ਅਤੇ ਜਾਨਵਰ ਪਾਣੀ ਮੰਗ ਕੇ ਨਹੀਂ ਪੀ ਸਕਦੇ। ਉਨਾਂ ਕਿਹਾ ਕਿ ਸਾਰਿਆਂ ਦਾ ਫਰਜ ਬਣਦਾ ਏ ਕਿ ਅਸੀਂ ਅੱਗੇ ਵੱਧ ਕੇ ਪੰਛੀਆਂ ਅਤੇ ਜਾਨਵਰਾਂ ਲਈ ਅਜਿਹੀ ਚਲਾਈ ਜਾ ਰਹੀ ਮੁਹਿੰਮ ਵਿੱਚ ਸਹਿਯੋਗ ਕਰੀਏ। ਕਲੱਬ ਪਿਛਲੇ 15 ਸਾਲਾਂ ਤੋਂ ਪੰਛੀ ਬਚਾਓ, ਜਾਨਵਰ ਬਚਾਓ ਮੁਹਿੰਮ ਚਲਾ ਰਿਹਾ ਏ।

---------------------------------------------------

ਮੋਹਾਲੀ ਪੁਲਿਸ ਨੇ ਕਾਲ ਸੈਂਟਰ ਦੀ ਆੜ ਵਿੱਚ, ਪੇਅ ਪਾਲ ਅਕਾਊਂਟ

ਵਿੱਚੋਂ, ਟ੍ਰਾਂਜ਼ੈਕਸ਼ਨ ਕਰਵਾਉਣ ਦੇ ਨਾਮ 'ਤੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ, ਇਕ ਗਰੋਹ ਦਾ ਪਰਦਾਫਾਸ਼ ਕਰ ਕੇ, 25 ਮਰਦਾਂ ਤੇ 12 ਮਹਿਲਾ ਸਮੇਤ 37 ਮੁਲਜ਼ਮਾਂ ਨੂੰ ਕਾਬੂ ਕੀਤਾ ਏ । ਜ਼ਿਲ੍ਹਾ ਐਸ.ਏ.ਐਸ ਨਗਰ ਦੇ SSP ਡਾ. ਸੰਦੀਪ ਕੁਮਾਰ ਗਰਗ ਨੇ ਦੱਸਿਆ ਇਕ ਖਾਸ ਇਤਲਾਹ ਤੇ ਇਹ ਕਾਰਵਾਈ ਕੀਤੀ ਗਈ। ਉਨਾਂ ਦੱਸਿਆ ਕਿ ਵਿਖਾਵੇ ਦੇ ਤੌਰ 'ਤੇ ਵੈੱਬਟੈਪ ਪ੍ਰਾਈਵੇਟ ਲਿਮਟਿਡ ਦੇ ਨਾਮ ਦੀ ਕੰਪਨੀ ਚਲਾਈ ਜਾ ਰਹੀ ਸੀ, ਜਿਸਦੀ ਆੜ ਵਿੱਚ ਮੁਲਜ਼ਮ ਇਹ ਫਰਜ਼ੀ ਕਾਲ ਸੈਂਟਰ ਚਲਾ ਰਹੇ ਸਨ।

---

**ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ**

- BJP ਦੇ ਸੀਨੀਅਰ ਸੰਸਦ ਮੈਂਬਰ ਓਮ ਬਿਰਲਾ, ਸਪੀਕਰ ਦੇ ਅਹੁਦੇ ਲਈ NDA ਦੇ, ਜਦਕਿ ਕਾਂਗਰਸ ਦੇ ਸੰਸਦ ਮੈਂਬਰ ਕੇ. ਸੁਰੇਸ਼ ਇੰਡੀ ਗਠਜੋੜ ਦੇ ਉਮੀਦਵਾਰ ਹੋਣਗੇ।

- ਪੰਜਾਬ ਦੇ 12 ਸੰਸਦ ਮੈਂਬਰਾਂ ਨੇ ਲੋਕਸਭਾ ਮੈਂਬਰ  ਵਜੋਂ ਸੌਂਹ ਚੁੱਕ ਲਈ ਏ, ਸਾਰੇ ਹੀ ਮੈਂਬਰਾਂ ਨੇ ਪੰਜਾਬੀ ਵਿਚ ਸੌਂਹ ਚੁਕੀ, ਆਜ਼ਾਦ ਮੈਂਬਰ ਅੰਮ੍ਰਿਤ ਪਾਲ ਸਿੰਘ ਸੋਂਹ ਨਹੀਂ ਚੁੱਕ ਸਕੇ।
- ਬਠਿੰਡਾ ਅਤੇ ਤਰਨਤਾਰਨ ਜ਼ਿਲਿਆਂ ਦੇ ਕੁਝ ਪਿੰਡਾਂ ਵਿਚ ਨਹਿਰਾਂ ਵਿਚ ਪਾੜ ਪੈਣ ਕਾਰਣ, ਫਸਲਾਂ ਨੂੰ ਨੁਕਸਾਨ।
- ਹੁਸ਼ਿਆਰਪੁਰ ਤੋਂ ਚਾਰ ਵਾਰ ਲੋਕ ਸਭਾ ਸਾਂਸਦ ਰਹੇ, ਸਕੁਆਡ੍ਰਨ ਲੀਡਰ ਕਮਲ ਚੋਧਰੀ ਦਾ ਦਿੱਲੀ ਵਿੱਚ ਦੇਹਾਂਤ।